# ਕੈਨੇਡਾ ਦਰਪਣ

ਅਗਸਤ 2, 1985 (ਵਿਸ਼ੇਸ਼ ਸਪਲੀਮੈਂਟ)

**August 2, 1985 (Special Supplement)**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Weekending AUGUST 2, 1985 Vol.4 No. 30 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604)321-6360

ਪਿਕਰਾਂ ਦੀ ਲੋੜ

ਰਸਬੇਰੀ ਲਈ, ਬਲੂਬੇਰੀ, ਕਰੇਨਬੇਰੀ, ਵੈਜੀਟੇਬਲ ਵਾਸਤੇ ਪਿਕਰਾਂ ਦੀ ਲੋੜ ਹੈ।

ਰੇਟ ਢਾਈ ਡਾਲਰ ਫਲੈਟ-

ਹੋਰ ਜਾਣਕਾਰੀ ਲਈ ਫੋਨ ਕਰੋ:—

ਕਰਮ ਸਿੰਘ

ਫੋਨ: (604) 941-8404 ਜਾਂ 465-8440

## ਵਿਸ਼ੇਸ਼ ਸਪਲੀਮੈਂਟ

# ਪੰਜਾਬੀਆਂ ਦੀ ਸ਼ਾਨਦਾਰ ਜਿੱਤ

# ਪੰਜਾਬ ਦੀਆਂ ਸਭ ਮੰਗਾਂ ਪੂਰੀਆਂ

## ਸੰਤ ਲੌਂਗੋਵਾਲ ਤੇ ਰਾਜੀਵ ਨੇ ਸਮਝੌਤੇ ’ਤੇ ਦਸਖਤ ਕਰ ਦਿੱਤੇ



ਨਵੀਂ ਦਿੱਲੀ — 24 ਜੁਲਾਈ, 1985 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਹੱਲ ਬਾਰੇ ਸਮਝੌਤੇ ਤੇ ਦਸਤਖਤ ਕੀਤੇ ਬਾਅਦ ਵਿਚ ਇਸ ਸਮਝੌਤੇ ਦੀ ਰੂਪਰੇਖਾ ਭਾਰਤ ਦੀ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਬੰਗਲਾ ਸਾਹਿਬ ਗੁਰਦੁਆਰਾ ਵਿਚ ਜਾ ਕੇ ਸੰਗਤਾਂ ਨੂੰ ਇਸ ਸਮਝੌਤੇ ਬਾਰੇ ਦੱਸਦਿਆਂ ਕਿਹਾ ਕਿ ਸਿੱਖਾਂ ਨੇ ਕਦੇ ਵੀ ਭਾਰਤ ਤੋਂ ਵੱਖ ਹੋਣ ਦੀ ਗੱਲ ਨਹੀਂ ਕੀਤੀ ਅਤੇ ਇਸੇ ਸੰਦਰਭ ਵਿਚ ਇਸ ਸਮਝੌਤੇ ਨੂੰ ਸਮੁੱਚੇ ਪੰਜਾਬੀਆਂ ਦੀ ਜਿੱਤ ਸਮਝਣਾ ਚਾਹੀਦਾ ਹੈ।

ਸ਼੍ਰੀ ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਵਿਰੋਧੀ ਪਾਰਟੀਆਂ — ਸੀ. ਪੀ. ਐਮ., ਸੀ. ਪੀ. ਆਈ., ਜਨਤਾ ਪਾਰਟੀ, ਤੈਲਗੂ ਦੇਸ਼ਮ ਪਾਰਟੀ ਅਤੇ ਕਾਂਗਰਸ (ਜ) ਦੇ ਆਗੂਆਂ ਨੂੰ ਸਮਝੌਤੇ ਬਾਰੇ ਗੱਲਬਾਤ ਕੀਤੀ।



ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਗਿਆ ਹੈ। ਚੰਡੀਗੜ੍ਹ ਨਾਲ ਲਗਦੇ ਹਿੰਦੀ ਇਲਾਕੇ ਹਰਿਆਣੇ ਨੂੰ ਜਾਣਗੇ ਅਤੇ ਪੰਜਾਬੀ ਇਲਾਕੇ ਪੰਜਾਬ ਨੂੰ ਮਿਲਣਗੇ। ਸੁਖਨਾ ਝੀਲ ਚੰਡੀਗੜ੍ਹ ਦਾ ਹਿਸਾ ਰਹੇਗੀ ਅਤੇ ਇਸ ਤਰ੍ਹਾਂ ਪੰਜਾਬ ਦੇ ਇਲਾਕੇ ਵਿਚ ਸ਼ਾਮਲ ਹੋਵੇਗੀ।

### ਸਮਝੌਤਾ ਇਸ ਪ੍ਰਕਾਰ ਹੈ :

ਨੰ: 1.

**1. ਬੇਗੁਨਾਹ ਮਾਰੇ ਗਏ ਲੋਕਾਂ ਨੂੰ ਮੁਆਵਜ਼ਾ**

1 ਅਗਸਤ 1982 ਤੋਂ ਪਿਛੋਂ ਮਾਰੇ ਗਏ ਸਭ ਵਿਅਕਤੀਆਂ ਨੂੰ ਮੁਆਵਜ਼ਾ ਦਿਤਾ ਜਾਵੇਗਾ।

**2. ਫੌਜ ਦੀ ਭਰਤੀ**

ਭਾਰਤ ਦੇ ਹਰ ਸ਼ਹਿਰੀ ਦਾ ਫੌਜ ਵਿਚ ਭਰਤੀ ਹੋਣ ਦਾ ਬਰਾਬਰ ਦਾ ਅਧਿਕਾਰ ਹੈ ਅਤੇ ਚੋਣ ਵਿਚ ਮੈਰਟ ਵਰਤੀ ਜਾਵੇਗੀ

**3. ਨਵੰਬਰ ਹਾਦਸਿਆਂ ਦੀ ਇਨਕੁਆਰੀ**

ਸ਼੍ਰੀ ਜਸਟਿਸ ਰੰਗਾ ਨਾਥ ਮਿਸ਼ਰਾ ਕਮਿਸ਼ਨ ਨਵੰਬਰ ਵਿਚ ਹੋਏ ਦਿੱਲੀ ਦੇ ਦੰਗਿਆਂ ਦੇ ਨਾਲ ਬੋਕਾਰੋ ਅਤੇ ਕਾਨ੍ਹਪੁਰ ਵਿਚ ਹੋਏ ਦੰਗਿਆਂ ਦੀ ਵੀ ਜਾਂਚ ਕਰੇਗਾ।

**4. ਫੌਜ ਵਿਚੋਂ ਕੱਢੇ ਗਏ ਵਿਅਕਤੀਆਂ ਦਾ ਮੁੜ ਵਸੇਬਾ**

ਜੋ ਫੌਜੀ ਫੌਜ ਵਿਚੋਂ ਕੱਢੇ ਗਏ ਹਨ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਹੋਵੇਗਾ ਅਤੇ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ।

**5. ਆਲ ਇੰਡੀਆ ਗੁਰਦੁਆਰਾ ਐਕਟ**

ਭਾਰਤ ਦੀ ਸਰਕਾਰ ਆਲ ਇੰਡੀਆ ਗੁਰਦੁਆਰਾਂ ਬਿੱਲ ਬਣਾਵੇਗੀ ਸ਼ਰੋਮਣੀ ਅਕਾਲੀ ਦਲ ਨਾਲ ਸਲਾਹ ਕਰਕੇ ਇਹ ਬਿੱਲ ਪੇਸ਼ ਕੀਤਾ ਜਾਵੇਗਾ। ਤਾਂਕਿ ਵਿਧਾਨ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਸਕਣ।

**6. ਕੇਸਾਂ ਦੇ ਫੈਸਲੇ**

ਪੰਜਾਬ ਵਿਚ ਲਾਗੂ ਫੌਜੀ ਐਕਟ ਵਾਪਸ ਲੈ ਲਿਆ ਜਾਵੇਗਾ।

ਸਪੈਸ਼ਲ ਕੋਰਟਾਂ ਕੇਵਲ ਦੋ ਤਰ੍ਹਾਂ ਦੇ ਦੋਸ਼ਾਂ ਦਾ ਫੈਸਲਾ ਕਰਨਗੀਆਂ।

(ੳ) ਦੇਸ਼ ਵਿਰੁਧ ਲੜਾਈ
(ਅ) ਹਵਾਈ ਜਹਾਜ਼ਾਂ ਦੇ ਅਗਵਾਕਾਰ

ਬਾਕੀ ਦੇ ਸਾਰੇ ਕੇਸ ਆਮ ਕਚਹਿਰੀਆਂ ਵਿਚ ਤਬਦੀਲ ਕਰ ਦਿਤੇ ਜਾਣਗੇ। ਪਾਰਲੀਮੈਂਟ ਦੇ ਇਸੇ ਸਮਾਗਮ ਵਿਚ ਬਿੱਲ ਪਾਸ ਕਰ ਦਿੱਤਾ ਜਾਵੇਗਾ।

**7 ਸਰਹੱਦੀ ਝਗੜੇ**

ਸ਼੍ਰੀਮਤੀ ਇੰਦਰਾ ਗਾਂਧੀ ਨੇ ਵੀ ਕਿਹਾ ਸੀ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਜਾਵੇਗਾ ਤਾਂ ਹਿੰਦੀ ਬੋਲਦੇ ਪੰਜਾਬ ਵਿਚਲੇ ਇਲਾਕੇ ਹਰਿਆਣੇ ਨੂੰ ਜਾਣਗੇ। ਇਕ ਕਮਿਸ਼ਨ ਬਣਾਇਆ ਜਾਵੇਗਾ ਜੋ ਪੰਜਾਬ ਵਿਚ ਰਹਿੰਦੇ ਹਿੰਦੀ ਇਲਾਕਿਆਂ ਨੂੰ ਹਰਿਆਣੇ ਵਿਚ ਸ਼ਾਮਲ ਕਰਨ ਦਾ ਕੰਮ ਕਰੇਗਾ।

ਪਿੰਡ ਨੂੰ ਇਕਾਈ ਮੰਨ ਕੇ ਵੰਡ ਹੋਵੇਗੀ ਅਤੇ ਨੇੜਤਾ ਅਤੇ ਬੋਲੀ ਦਾ ਖਿਆਲ ਰੱਖਿਆ ਜਾਵੇਗਾ। ਕਮਿਸ਼ਨ ਆਪਣਾ ਫੈਸਲਾ 31 ਦਸੰਬਰ 1985 ਤੱਕ ਦਵੇਗਾ। ਅਤੇ ਇਹ ਫੈਸਲਾ ਦੋਵਾਂ ਧਿਰਾਂ ਉਤੇ ਪੱਕੀ ਤਰ੍ਹਾਂ ਲਾਗੂ ਹੋਵੇਗਾ। ਇਹ ਕਮਿਸ਼ਨ ਕੇਵਲ ਇਹੀ ਕੰਮ ਕਰੇਗਾ ਜਦ ਕਿ ਦੂਜਾ ਕਮਿਸ਼ਨ ਆਮ ਸਰਹੱਦੀ ਝਗੜਿਆਂ ਦਾ ਫੈਸਲਾ ਕਰੇਗਾ।

26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਹੋ ਜਾਵੇਗਾ ਅਤੇ ਦੂਜੇ ਇਲਾਕੇ ਹਰਿਆਣੇ ਵਿਚ ਸ਼ਾਮਲ ਹੋ ਜਾਣਗੇ।

ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ ਨੂੰ ਠੀਕ ਤਰ੍ਹਾਂ

(ਬਾਕੀ ਪੰਨਾ 2 ਤੇ)

(ਪੰਨਾ 1 ਦੀ ਬਾਕੀ)

ਲਾਗੂ ਕਰਨ ਲਈ ਸਰਕਾਰ ਇਕ ਹੋਰ ਕਮਿਸ਼ਨ ਬਣਾਏਗੀ ਇਹਦੇ ਵਿਚ ਵੀ ਪਿੰਡ ਨੂੰ ਇਕਾਈ ਮੰਨਿਆ ਜਾਵੇਗਾ ਅਤੇ ਬੋਲੀ ਅਤੇ ਨੇੜਤਾ ਦਾ ਖਿਆਲ ਰੱਖਿਆ ਜਾਵੇਗਾ।

### 8. ਕੇਂਦਰ ਅਤੇ ਸੂਬਿਆਂ ਦੇ ਸਬੰਧ

ਸ਼ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਅਨੰਦਪੁਰ ਸਾਹਿਬ ਮਤਾ ਭਾਰਤੀ ਵਿਧਾਨ ਦੇ ਅੰਦਰ ਹੈ ਅਤੇ ਇਸ ਵਿਚ ਕੋਸ਼ਿਸ਼ ਹੈ ਕਿ ਕੇਂਦਰ ਅਤੇ ਸਰਕਾਰ ਦੇ ਸਬੰਧਾਂ ਨੂੰ ਇਸ ਢੰਗ ਨਾਲ ਨਜੱਠਿਆ ਗਿਆ ਹੈ ਕਿ ਸਾਡੇ ਯੂਨਿਟਰੀ ਵਿਧਾਨ ਦੇ ਫੈਡਰਲ ਖਾਸੇ ਦੀ ਪੂਰਤੀ ਹੈ। ਅਤੇ ਇਸ ਦਾ ਮਤਲਬ ਸੂਬੇ ਨੂੰ ਜ਼ਿਆਦਾ ਤਾਕਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਸ ਨਾਲ ਦੇਸ਼ ਦੀ ਏਕਤਾ ਹੋਰ ਵਧੇ ਕਿਉਂਕਿ ਸਾਡੀ ਕੌਮੀ ਹੋਂਦ ਹੀ ਅਨੇਕਤਾ ਵਿਚ ਏਕਤਾ ਹੈ। ਇਸ ਗੱਲ ਨੂੰ ਧਿਆਨ ਰੱਖਦੇ ਹੋਏ ਅਨੰਦਪੁਰ ਸਾਹਿਬ ਦਾ ਮਤਾ ਜਿਥੋਂ ਤਕ ਇਸਦਾ ਕੇਂਦਰ-ਸੂਬੇ ਸਬੰਧਾਂ ਨਾਲ ਤੁਅੱਲਕ ਹੈ ਸਰਕਾਰੀਆ ਕਮਿਸ਼ਨ ਦੇ ਹਵਾਲੇ ਕੀਤਾ ਜਾਂਦਾ ਹੈ।

### 9. ਪਾਣੀਆਂ ਦੀ ਵੰਡ

ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਜਿਹੜਾ ਪਾਣੀ ਰਾਵੀ ਅਤੇ ਬਿਆਸ ਤੋਂ 1-7-1985 ਨੂੰ ਮਿਲਦਾ ਹੈ ਉਹੀ ਮਿਲਦਾ ਰਹੇਗਾ ਪਾਣੀ ਦਾ ਫੈਸਲਾ ਟ੍ਰਿਬਿਊਨਲ ਕਰੇਗਾ ਜਿਸਦਾ ਅਧਾਰ ਹੇਠ ਲਿਖਿਆ ਹੋਵੇਗਾ।

ਪੰਜਾਬ ਅਤੇ ਹਰਿਆਣਾ ਦੇ ਪਾਣੀਆਂ ਦਾ ਮਸਲਾ ਇਕ ਟ੍ਰਿਬਿਊਨਲ ਨੂੰ ਦਿਤਾ ਜਾਵੇਗਾ ਜਿਸ ਦੀ ਅਗਵਾਈ ਸੁਪਰੀਮ ਕੋਰਟ ਦਾ ਜੱਜ ਕਰੇਗਾ। ਇਹ ਫੈਸਲਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਵੇਗਾ। ਅਤੇ ਦੋਵਾਂ ਧਿਰਾਂ ਉਤੇ ਪੱਕੀ ਤਰ੍ਹਾਂ ਲਾਗੂ ਹੋਵੇਗਾ। ਇਸ ਬਾਰੇ ਕਾਨੂੰਨੀ ਅਤੇ ਵਿਧਾਨਕ ਕਦਮ ਛੇਤੀ ਚੁਕੇ ਜਾਣਗੇ। ਸਤਲੁਜ ਜਮਨਾ ਲਿੰਕ-ਲਹਿਰ ਦੀ ਉਸਾਰੀ ਚਾਲੂ ਰਹੇਗੀ ਅਤੇ ਇਹ ਨਹਿਰ 15 ਅਗਸਤ 1986 ਤੱਕ ਮੁਕੰਮਲ ਹੋ ਜਾਵੇਗੀ। ਘੱਟ

### 10. ਘੱਟ ਗਿਣਤੀਆਂ ਨੂੰ ਨੁਮਾਇੰਦਗੀ

ਘੱਟ ਗਿਣਤੀਆਂ ਦੀ ਨੁਮਾਇੰਦਗੀ ਬਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਦੁਬਾਰਾ ਲਿਖਿਆ ਜਾਵੇਗਾ ਕਿ ਘੱਟ ਗਿਣਤੀਆਂ ਦੀ ਨੁਮਾਇੰਦਗੀ ਯਕੀਨੀ ਬਣਾਈ ਜਾਵੇ।

### 11. ਪੰਜਾਬੀ ਬੋਲੀ ਦੀ ਤਰੱਕੀ

ਕੇਂਦਰ ਸਰਕਾਰ ਅਜੇਹੇ ਕਦਮ ਚੁਕੇਗੀ ਜਿੰਨ੍ਹਾਂ ਨਾਲ ਪੰਜਾਬੀ ਬੋਲੀ ਦਾ ਵਿਕਾਸ ਹੋਵੇ।

**ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 24 ਜੁਲਾਈ 1985 ਨੂੰ ਇਸ ਸਮਝੌਤੇ ਉਤੇ ਦਸਤਖਤ ਕਰਦਿਆਂ ਲਿਖਿਆ ਹੈ, "ਇਸ ਸਮਝੌਤੇ ਨਾਲ ਝਗੜੇ ਦਾ ਅੰਤ ਹੁੰਦਾ ਹੈ ਅਤੇ ਮਿਲਵਰਤਣ ਦੇ ਜੁਗ ਦਾ ਅਰੰਭ ਹੁੰਦਾ ਹੈ, ਜਿਹੜਾ ਭਾਰਤ ਦੀ ਏਕਤਾ ਅਤੇ ਇੱਕਤਾ ਨੂੰ ਹੋਰ ਮਜ਼ਬੂਤ ਕਰੇਗਾ।**

# ਪੰਜਾਬ ਬਾਰੇ ਸਮਝੌਤਾ, ਲੋਕਾਂ ਦੀ ਜਿੱਤ

**'ਸੂਫੀ' ਅਮਰਜੀਤ**

ਬੁਰੀ ਤਰ੍ਹਾਂ ਉਲਝੇ ਹੋਏ ਪੰਜਾਬ ਦੇ ਮਸਲੇ ਬਾਰੇ ਅਕਾਲੀ ਦਲ ਅਤੇ ਭਾਰਤ ਦੀ ਕੇਂਦਰੀ ਸਰਕਾਰ ਵਿਚਕਾਰ ਹੋਏ ਸਮਝੌਤੇ ਉਪਰ ਦਸਤਖਤ ਹੋਣ ਨਾਲ, ਹਰ ਉਸ ਵਿਅਕਤੀ ਅਤੇ ਜਥੇਬੰਦੀ ਨੂੰ ਖੁਸ਼ੀ ਹੋਈ ਹੈ, ਜੋ ਪੰਜਾਬ ਅਤੇ ਸਮੁੱਚੇ ਭਾਰਤ ਦੇ ਲੋਕਾਂ ਬਾਰੇ ਇਮਾਨਦਾਰੀ ਨਾਲ ਸੋਚਦੇ ਹਨ। ਉਨ੍ਹਾਂ ਨੂੰ ਦਿਲੋਂ ਖੁਸ਼ੀ ਪ੍ਰਾਪਤ ਹੋਈ ਹੈ ਜਿਨ੍ਹਾਂ ਨੂੰ ਭਾਰਤ ਦੀ ਅਖੰਡਤਾ ਅਤੇ ਲੋਕਾਂ ਦੀ ਏਕਤਾ ਉਪਰ ਮੰਡਲਾਉਂਦੇ ਕਾਲੇ ਬਦਲਾਂ ਨੂੰ ਦੇਖ ਕੇ ਚਿੰਤਾ ਸੀ। ਜਿਨ੍ਹਾਂ ਨੂੰ ਭਾਰਤ ਦੇ ਹਿੰਦੂਆਂ-ਸਿੱਖਾਂ ਦੇ ਲਹੂ-ਮਾਸ ਦੇ ਸਾਂਝੇ ਸੰਬੰਧਾਂ ਨੂੰ ਖੇਰੂੰ ਖੇਰੂੰ ਹੋਣ ਵੱਲ ਜਾਂਦਿਆਂ ਦੇਖ ਕੇ ਦੁਖ ਹੁੰਦਾ ਸੀ। ਨਿਸਚੇ ਹੀ ਸਾਡੇ ਲੋਕ ਆਮ ਕਰਕੇ ਪੰਜਾਬ ਦੇ ਮਸਲੇ ਬਾਰੇ ਹੋਏ ਸਮਝੌਤੇ ਦਾ ਦਿਲੋਂ ਸੁਆਗਤ ਕਰਨਗੇ, ਕਿਉਂਕਿ ਉਨ੍ਹਾਂ ਨੂੰ ਪਿਛਲੇ ਤਿੰਨਾਂ ਸਾਲਾਂ ਵਿਚ ਜਿਨ੍ਹਾਂ ਕਠਨ ਹਾਲਤਾਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਬਾਰੇ ਉਹ ਹੀ ਜਾਣਦੇ ਹਨ।

ਬਦਕਿਸਮਤੀ ਨਾਲ ਕੁਝ ਅਜਿਹੇ ਲੋਕ ਵੀ ਹਨ, ਜਿਨ੍ਹਾਂ ਨੂੰ ਇਹ ਖੁਸ਼ੀ ਦੀ ਖਬਰ ਜਿਵੇਂ ਬਿੱਜ ਬਣ ਕੇ ਡਿੱਗੀ ਮਹਿਸੂਸ ਹੋਵੇਗੀ। ਉਹ ਜਿਹੜੇ ਦੇਸ਼ ਦੀ ਅਖੰਡਤਾ ਵਿਚ ਯਕੀਨ ਨਹੀਂ ਰੱਖਦੇ, ਜੋ ਵੱਖਵਾਦ ਜਾਂ ਕਹੋ ਖਾਲਿਸਤਾਨ ਦੇ ਹਿਮਾਇਤੀ ਹਨ, ਉਹ ਜੋ ਫਿਰਕੂ ਜਨੂੰਨ ਦੀਆਂ ਹਨੇਰੀਆਂ ਵਿਚ ਹੀ ਆਪਣੇ ਸੁਆਰਥਾਂ ਦੀ ਸਿੱਧੀ ਦੇਖਦੇ ਹਨ, ਉਹ ਜੋ ਕਿ ਸਾਮਰਾਜੀਆਂ ਦੇ ਇਸ਼ਾਰਿਆਂ ਉਪਰ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹਨ, ਨਿਸਚੇ ਹੀ ਪੰਜਾਬ ਦੇ ਮਸਲੇ ਬਾਰੇ ਹੋਏ ਇਸ ਸਮਝੌਤੇ ਤੋਂ ਉਕਾ ਹੀ ਖੁਸ਼ ਨਹੀਂ ਹੋਣਗੇ।

ਸਮਝੌਤੇ ਵਿਚ ਕੀ ਪ੍ਰਾਪਤ ਕੀਤਾ ਗਿਆ ਹੈ? ਇਹ ਤੁਸੀਂ ਪਰਚੇ ਦੇ ਹੋਰ ਥਾਂ ਤਫਸੀਲ ਨਾਲ ਪੜ੍ਹ ਲਵੋਗੇ। ਇਹ ਉਹ ਕੁਝ ਹੀ ਹੈ, ਜੋ ਜੂਨ 1984 ਤੋਂ ਪਹਿਲਾਂ ਤਿੰਨ ਧਿਰੀ ਮੀਟਿੰਗ ਵਿਚ - ਅਕਾਲੀ, ਵਿਰੋਧੀ ਪਾਰਟੀਆਂ ਅਤੇ ਕੇਂਦਰੀ ਸਰਕਾਰ ਨੇ ਫਰਵਰੀ 1984 ਵਿਚ ਸਾਂਝੀ ਸੋਚ ਦੇ ਆਧਾਰ ਉਪਰ ਤਿਆਰ ਕੀਤਾ ਸੀ। ਮੰਦੇਭਾਗੀ ਜੋ ਫਿਰਕੂ ਨਫਰਤ ਦੀ ਲਹਿਰ, ਬੇਗੁਨਾਹਾਂ ਦੇ ਕਤਲਾਂ ਨੇ, ਫਿਰ ਹਰਿਮੰਦਰ ਸਾਹਿਬ ਦੀ ਫੌਜੀ ਕਾਰਵਾਈ ਅਤੇ ਫਿਰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਅਤੇ ਉਸ ਤੋਂ ਪਿਛੋਂ ਹੋਏ ਕਤਲੋਗਾਰਤ ਦੇ ਵਾਤਾਵਰਨ ਕਾਰਨ ਸਿਰੇ ਨਹੀਂ ਚੜ੍ਹ ਸਕਿਆ ਸੀ। ਸਿਰੇ ਨਾ ਚੜ੍ਹਨ ਦੇਣ ਲਈ ਇਕ ਪਾਸੇ ਵੱਖਵਾਦੀ ਤੱਤ ਸਨ ਜੋ ਸਾਮਰਾਜੀਆਂ ਦੀ ਸ਼ਹਿ ਉਤੇ ਦਹਿਸ਼ਤ ਪਸੰਦੀ ਦੀਆਂ ਕਾਰਵਾਈਆਂ ਕਰ ਰਹੇ ਸੀ, ਦੂਜੇ ਪਾਸੇ ਕੇਂਦਰੀ ਸਰਕਾਰ, ਤੰਗ ਨਜ਼ਰ ਸਿਆਸੀ ਹਿੱਤਾਂ ਦੀ ਪੂਰਤੀ ਲਈ ਢਿਲ-ਮਿਲ ਦੀ ਉਪਰ ਚਲ ਰਹੀ ਸੀ।

ਇਹ ਸਮਝੌਤਾ ਸਾਰੇ ਦੇਸ਼ ਦੇ ਲੋਕਾਂ ਦੀ ਜਿੱਤ ਹੈ ਅਤੇ ਜੋ ਲੋਕਾਂ ਵਿਚ ਵਿਸ਼ਵਾਸ਼ ਨਹੀਂ ਰੱਖਦੇ ਜਿਨ੍ਹਾਂ ਦੇ ਹਿਤ ਲੋਕਾਂ ਨਾਲ ਨਹੀਂ, ਸਗੋਂ ਲੋਕਾਂ ਦੇ ਲੁਟੇਰਿਆਂ ਦੇ ਨਾਲ ਹਨ, ਉਨ੍ਹਾਂ ਦੀ ਨਿਸਚੇ ਹੀ ਹਾਰ ਹੋਈ ਹੈ। ਉਨ੍ਹਾਂ ਨੂੰ ਇਸ ਹਾਰ ਦਾ ਪਹਿਲਾਂ ਤੋਂ ਹੀ ਪਤਾ ਸੀ ਏਸੇ ਲਈ ਜਦੋਂ ਵੀ ਸਮਝੌਤੇ ਵੱਲ ਨੂੰ ਗੱਲ ਤੁਰਦੀ ਸੀ ਉਦੋਂ ਹੀ ਕੋਈ ਨਾ ਕੋਈ ਕਾਰਾ ਕਰਕੇ ਵਾਤਾਵਰਨ ਵਿਗਾੜ ਦਿੰਦੇ ਸਨ।

ਇਸ ਸਮਝੌਤੇ ਨਾਲ ਪੰਜਾਬੀਆਂ ਦਾ ਵਕਾਰ ਵੀ ਵਧਿਆ ਹੈ। ਉਨ੍ਹਾਂ ਵਿਚ ਸਵੈ ਵਿਸ਼ਵਾਸ਼ ਮੁੜ ਤੋਂ ਬਹਾਲ ਹੋਵੇਗਾ। ਉਨ੍ਹਾਂ ਨੂੰ ਬਾਕੀ ਭਾਰਤ ਨਾਲੋਂ ਅਲੱਗ ਮਹਿਸੂਸ ਕਰਨ ਦਾ ਜੋ ਵਾਤਾਵਰਨ ਉਸਾਰਿਆ ਸੀ, ਉਸ ਦੀ ਧੁੰਦ ਛੰਟਣ ਵਿਚ ਮਦਦ ਮਿਲੇਗੀ।

ਕਤਲੋਗਾਰਤ, ਨਫਰਤ ਤੇ ਝੂਠਾ ਪ੍ਰਾਪੇਗੰਡਾ ਜੋ ਮਨਾਂ ਵਿਚ ਵੀਰਾਨਗੀ ਪੈਦਾ ਕਰਦਾ ਸੀ, ਬਦਲੇ ਦੀ ਭਾਵਨਾ ਆਦਿ ਸਿਖ ਧਰਮ ਦੇ ਮਾਨਵਵਾਦੀ ਸਿਧਾਂਤ ਉਪਰ ਇਕ ਖਤਰਨਾਕ ਹਮਲਾ ਸੀ। ਇਹ ਆਪ ਮਨੁਖੀ ਕਦਰਾਂ ਕੀਮਤਾਂ ਅਤੇ ਜਮਹੂਰੀ ਵਿਚਾਰਾਂ ਵਿਰੁਧ ਫਿਰਕਾਪ੍ਰਸਤ ਰਾਜਨੀਤੀ ਦਾ ਵੀ ਹਮਲਾ ਸੀ, ਇਸ ਸਮਝੌਤੇ ਨਾਲ, ਉਹ ਸ਼ਕਤੀਆਂ ਜੋ ਇਸ ਰਾਹ ਤੁਰੀਆਂ ਸਨ, ਆਮ ਲੋਕਾਂ ਨਾਲੋਂ ਨਿਖੜਨਗੀਆਂ।

ਇਹ ਇੰਨਾ ਹੀ ਨਹੀਂ ਕਿ ਨਫਰਤ ਅਤੇ ਫਿਰਕੂ ਪ੍ਰਚਾਰ ਕਰਨ ਵਾਲੇ ਅਖਬਾਰ ਛੇਤੀ ਕੀਤੇ, ਇਸ ਸਮਝੌਤੇ ਦੇ ਫੈਸਲੇ ਅਗੇ ਹਥਿਆਰ ਸੁਟਣ ਵਾਲੇ ਹਨ। ਉਨ੍ਹਾਂ ਅਕਾਲੀ ਦਲ ਦੇ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ 'ਗ਼ਦਾਰ', 'ਕੌਮ ਵੇਚ ਦਿਤੀ', 'ਸੌਦਾ ਕਰ ਲਿਆ', ਪਤਾ ਨਹੀਂ ਹੋਰ ਕੀ ਕੀ ਜ਼ਹਿਰੀਲੇ ਵਾਕਾਂ ਨਾਲ ਨਿਵਾਜਣਾ ਹੈ।

ਇਹ ਅਕਾਲੀ ਦਲ ਦੀ ਲੀਡਰਸ਼ਿਪ ਦੀ ਬੜੀ ਸਿਆਣਪ ਹੈ ਅਤੇ ਦੂਰ ਅੰਦੇਸ਼ੀ ਹੈ ਜਿਸ ਨੇ ਇਹ ਸਮਝੌਤਾ ਕਰਕੇ, ਜਿਥੇ ਆਪਣੀ ਜ਼ਿਮੇਂਵਾਰੀ ਨੂੰ ਨਿਭਾਇਆ ਹੈ ਉਥੇ ਪੰਜਾਬ ਨੂੰ ਖਤਰਨਾਕ ਮੋੜ ਤੋਂ ਬਚਾ ਲਿਆ ਹੈ। ਜਦੋਂ ਬੀ. ਬੀ. ਸੀ. ਉਪਰ ਕੱਲ੍ਹ 23 ਜੁਲਾਈ ਨੂੰ ਖਬਰ ਸੁਣੀ ਹੈ ਕਿ ਸੰਤ ਲੌਂਗੋਵਾਲ ਤੇ ਪ੍ਰਧਾਨ ਮੰਤਰੀ ਵਿਚਕਾਰ ਗੱਲਬਾਤ ਹੋਈ ਹੈ, ਤਾਂ ਯਕੀਨ ਕਰਨਾ ਔਖਾ ਸੀ। ਕੁਝ ਵੀ ਹੈ, ਇਹ ਅਕਾਲੀ ਦਲ ਅਤੇ ਕੇਂਦਰ ਸਰਕਾਰ ਨੇ ਬਹੁਤ ਚੰਗਾ ਕਦਮ ਚੁੱਕਿਆ ਹੈ, ਜੋ ਜ਼ਿੰਦਗੀ ਆਮ ਵਰਗੀ ਕਰਨ ਵਿਚ ਸਹਾਇਕ ਹੋਵੇਗਾ।

ਇਸਦਾ ਮਤਲਬ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਹੁਣ ਪੰਜਾਬ ਦੇ ਸਾਰੇ ਹੱਲ ਹੋ ਗਏ। ਦੇਸ਼ ਦੇ ਹੋਰ ਸੂਬਿਆਂ ਵਾਂਗ, ਲੋਕਾਂ ਦੇ ਲਈ ਮੁਢਲੀਆਂ ਲੋੜਾਂ ਦੀ ਗਰੰਟੀ ਲਈ, ਉਨ੍ਹਾਂ ਦੇ ਜਮਹੂਰੀ ਅਧਿਕਾਰਾਂ ਲਈ, ਆਰਥਕ ਨਾਬਰਾਬਰੀ ਦੇ ਖਾਤਮੇਂ ਲਈ, ਪੂੰਜੀਦਾਰੀ ਲੁੱਟ ਪ੍ਰਬੰਧ ਦੇ ਖਾਤਮੇ ਲਈ ਦੇਸ਼ ਵਿਆਪੀ ਸਾਂਝੇ ਘੋਲਾਂ ਵਿਚ ਪੰਜਾਬੀਆਂ ਨੂੰ ਸ਼ਾਮਲ ਹੋਣਾ ਪਵੇਗਾ, ਤਾਂ ਜੋ ਲੋਕ ਜਮਹੂਰੀ ਭਾਰਤ ਦੀ ਸਿਰਜਨਾ ਕੀਤੀ ਜਾ ਸਕੇ, ਜਿਥੇ ਕੇਂਦਰ ਕਿਸੇ ਸੂਬੇ ਨਾਲ ਧੱਕਾ ਨਾ ਕਰੇ। ਜਿਥੇ ਹਰ ਵਿਅਕਤੀ ਨੂੰ ਆਪਣੇ ਧਰਮ ਵਿਚ ਆਪਣੇ ਵਿਸ਼ਵਾਸ਼ਾਂ ਦੇ ਰੱਖਣ ਦੀ ਖੁਲ੍ਹ ਹੋਵੇਗੀ, ਜਿਥੇ ਧਰਮ ਨੂੰ ਰਾਜਨੀਤੀ ਵਿਚ ਨਹੀਂ ਘਸੀਟਿਆ ਜਾਵੇਗਾ।

ਇਕ ਜ਼ਰੂਰੀ ਅਤੇ ਨਿੱਕੀ ਜਿਹੀ ਗੱਲ ਇਹ ਹੈ, ਕਿ ਅਮਰੀਕਾ, ਇੰਗਲੈਂਡ ਵਾਂਗ ਕੈਨੇਡਾ ਨੂੰ ਖਾਲਿਸਤਾਨੀਆਂ ਦਾ ਗੜ੍ਹ ਸਮਝਿਆ ਜਾਂਦਾ ਹੈ। ਇਸ ਬਾਰੇ ਏਥੇ ਰਹਿਣ ਵਾਲਿਆਂ ਨੂੰ ਤਾਂ ਇਸ ਬਾਰੇ ਭੁਲੇਖਾ ਨਹੀਂ ਹੈ, ਪ੍ਰੰਤੂ ਜੋ ਸਾਡੇ ਦੋਸਤ, ਮਿੱਤਰ ਅਤੇ ਸੰਬੰਧੀ ਭਾਰਤ ਵਿਚ ਹਨ, ਉਨ੍ਹਾਂ ਨੂੰ ਚਿੱਠੀਆਂ ਲਿਖ ਕੇ ਦਸਣਾ ਚਾਹੀਦਾ ਹੈ ਕਿ ਅਸੀਂ ਪੰਜਾਬ ਬਾਰੇ ਹੋਏ ਸਮਝੌਤੇ ਨਾਲ ਬਹੁਤ ਖੁਸ਼ ਹਾਂ। ਇਸ ਦੇ ਨਾਲ ਹੀ 'ਕੈਨੇਡਾ ਦਰਪਣ' ਜਾਂ ਹੋਰਾਂ ਪਰਚਿਆਂ ਨੂੰ ਚਿੱਠੀਆਂ ਲਿਖ ਕੇ, ਆਪਣੇ ਇਸ ਹੋਏ ਸਮਝੌਤੇ ਬਾਰੇ ਪਰਵਾਨਗੀ, ਜ਼ਰੂਰ ਭੇਜਣੀ ਚਾਹੀਦੀ ਹੈ।

ਅੰਤ ਵਿਚ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਸਮਝੌਤਾ ਸਾਡੇ ਲੋਕਾਂ ਦੀ ਜਿੱਤ ਹੈ। ਸਾਨੂੰ ਸਾਰਿਆਂ ਨੂੰ ਮਿਲਕੇ ਸਦਭਾਵਨਾ ਦਾ ਵਾਤਾਵਰਨ ਪੈਦਾ ਕਰਨਾ ਚਾਹੀਦਾ ਹੈ। 15 ਅਗਸਤ ਦੇ ਆਜ਼ਾਦੀ ਦਿਵਸ ਤੋਂ ਐਨ ਪਹਿਲਾਂ ਇਹ ਸਮਝੌਤਾ ਸਾਡੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲਿਆਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ ਜਿਨ੍ਹਾਂ ਅੰਗਰੇਜ਼ ਸਾਮਰਾਜ ਨੂੰ ਦੇਸ਼ੋਂ ਕੱਢ ਕੇ ਆਜ਼ਾਦੀ ਪ੍ਰਾਪਤ ਕਰਨ ਦੇ ਉਦੇਸ਼ ਨੂੰ ਹੀ ਆਪਣਾ ਧਰਮ ਬਣਾ ਲਿਆ ਹੋਇਆ ਸੀ। ਸ਼ਹੀਦਾਂ ਨੂੰ ਧਰਮ ਦੇ ਆਧਾਰ ਤੇ ਵੰਡਣਾ ਉਨ੍ਹਾਂ ਦਾ ਅਪਮਾਨ ਕਰਨਾ ਹੈ। ਸ਼ਹੀਦਾਂ ਦੇ ਦੱਸੇ ਧਰਮ ਨਿਰਪੱਖਤਾ ਦੇ ਰਾਹ ਤੇ ਚੱਲ ਕੇ, ਆਓ ਆਪਣਾ ਏਕਾ ਉਸਾਰੀਏ।

# ਹਰਦਿਆਲ ਸਿੰਘ ਜੌਹਲ ਵਲੋਂ ਹੋਏ ਸਮਝੌਤੇ ਦਾ ਸਵਾਗਤ

ਪੰਜਾਬ ਦੇ ਖਰਾਬ ਹੋਏ ਹਾਲਾਤਾਂ ਨੂੰ ਮੁੜ ਸੁਧਾਰਨ ਲਈ ਅਤੇ ਅਕਾਲੀ ਦਲ ਵਲੋਂ ਜੋ ਮੋਰਚਾ 1982 ਤੋਂ ਚਲ ਰਿਹਾ ਸੀ, ਬਾਰੇ ਜੋ ਅੱਜ ਮਿਤੀ 24-7-85 ਨੂੰ ਫੈਸਲਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤ ਸਰਕਾਰ ਵਿਚ ਹੋਇਆ ਹੈ - ਅੱਜ ਦੇ ਮੌਕੇ ਅਨੁਸਾਰ ਅਸੀਂ ਇਸਨੂੰ ਜੀਅ ਆਇਆਂ ਕਹਿੰਦੇ ਹਾਂ।

ਚੰਗਾ ਹੁੰਦਾ ਜੇ ਇਹ ਫੈਸਲਾ ਅੱਜ ਤੋਂ ਤਿੰਨ ਸਾਲ ਪਹਿਲਾਂ ਹੀ ਭਾਰਤ ਸਰਕਾਰ ਕਰ ਲੈਂਦੀ। ਸ਼੍ਰੋਮਣੀ ਅਕਾਲੀ ਦਲ ਦਾ ਸਟੈਂਡ ਉਪਰ ਖੜ੍ਹੇ ਰਹਿਣਾ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਦੀ ਨਿਸ਼ਾਨੀ ਹੈ। ਹੁਣ ਵੀ ਚੰਗਾ ਹੈ ਕਿ ਹੋਇਆ ਸਮਝੌਤਾ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇਗਾ।

ਜਿਸ ਤਰ੍ਹਾਂ ਕਿ 1955 ਅਤੇ ਫਿਰ 1973 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਪਾਲਿਸੀ ਪ੍ਰੋਗਰਾਮ ਬਣਾ ਕੇ ਪ੍ਰਾਪਤੀਆਂ ਕੀਤੀਆਂ ਹਨ — ਇਸੇ ਤਰੀਕੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖੀ ਦੇ ਵਾਧੇ ਲਈ, ਸਿੱਖਾਂ ਨੂੰ ਇਜ਼ਤ ਨਾਲ ਜੀਵਨ ਨਿਭਾਹੁਣ ਲਈ, ਅਤੇ ਆਰਥਿਕ, ਸਮਾਜਕ ਅਤੇ ਰਾਜਨੀਤਕ ਤੌਰ ਤੇ ਖੁਸ਼ਹਾਲ ਬਣਾਉਣ ਲਈ ਆਪਣਾ ਨਵਾਂ ਪ੍ਰੋਗਰਾਮ ਅਗਲੇ ਆਉਣ ਵਾਲੇ ਇਕ ਦੋ ਸਾਲਾਂ ਵਿਚ ਵਿਚਾਰ ਕੇ ਤਿਆਰ ਕਰਨਾ ਚਾਹੀਦਾ ਹੈ। ਅਤੇ ਪੰਥ ਨੂੰ ਉਸ ਪ੍ਰੋਗਰਾਮ ਦੀ ਪ੍ਰਾਪਤੀ ਲਈ ਕੰਮ ਕਰਨਾ ਚਾਹੀਦਾ ਹੈ।

ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਪਿਛਲੇ ਮੋਰਚੇ ਦੇ ਦੌਰਾਨ ਸ਼ਹੀਦ ਹੋਏ ਪ੍ਰਵਾਰਾਂ ਦੀ ਅਤੇ ਸ਼ਰਨਾਰਥੀ ਪ੍ਰਵਾਰਾਂ ਦੀ ਸੰਭਾਲ ਲਈ ਕੰਮ ਕਰੀਏ ਫਿਰਕਾਪ੍ਰਸਤੀ ਦੀਆਂ ਪਈਆਂ ਲੀਕਾਂ ਨੂੰ ਮਿਟਾ ਕੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਨੁਸਾਰ ਸਾਂਝੀਵਾਲਤਾ ਵੱਲ ਵਧੀਏ।

ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਤਰ ਹੋ ਕੇ ਪਹਿਲਾਂ ਰਹੀਆਂ ਤਰੁਟੀਆਂ ਨੂੰ ਦੂਰ ਕਰਕੇ ਏਕਤਾ ਨਾਲ ਅੱਗੇ ਵਧਣ ਲਈ ਉਪਰਾਲਾ ਕਰੀਏ।

● ਪੰਜਾਬ ਵਿਚ ਸੰਯੁਕਤ ਅਕਾਲੀ ਦਲ ਦੇ ਇਕ ਨੇਤਾ ਨੇ ਕਿਹਾ ਕਿ ਸਾਰਾ ਸਮਝੌਤਾ ਪੜ੍ਹ ਕੇ ਹੀ ਇਸ ਬਾਰੇ ਕੋਈ ਬਿਆਨ ਦਿਤਾ ਜਾਵੇਗਾ। ਸ਼੍ਰੀ ਬਾਦਲ ਅਤੇ ਟੌਹੜਾ ਨੇ ਸਮਝੌਤੇ ਦਾ ਸੁਆਗਤ ਕੀਤਾ।

FLY FLY FLY

ਥਾਈ ਏਅਰ ਲਾਈਨਜ਼

ਸਪੈਸ਼ਲ ਕਿਰਾਇਆ

ਵਧੀਆ ਸਰਵਿਸ



Thai

ਵੈਨਕੂਵਰ ਤੋਂ ਦਿੱਲੀ ਤੱਕ ਸਿੱਧੇ ਹੀ ਘੱਟ ਤੋਂ ਘੱਟ ਸਮੇਂ ਵਿਚ ਪਹੁੰਚ ਸਕਦੇ ਹੋ। ਜੇਕਰ ਰਸਤੇ ਵਿਚ ਠਹਿਰਨਾ ਹੋਵੇ ਤਾਂ ਆਉਂਦੇ ਜਾਂਦੇ ਟੋਕੀਓ, ਬੈਂਕਾਕ ਠਹਿਰ ਕੇ ਆਪਣੀ ਸ਼ਾਪਿੰਗ ਵੀ ਕਰ ਸਕਦੇ ਹੋ।

ਟੋਕੀਓ, ਬੈਂਕਾਕ, ਦਿੱਲੀ, ਕਲਕੱਤਾ, ਕਠਮੰਡੂ ਅਤੇ ਬੰਗਲਾ ਦੇਸ਼ ਜਾਂ ਪਾਕਿਸਤਾਨ ਜਾਣ ਲਈ ਜਾਂ ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ

BAINS TRAVEL SERVICE

CAPILANO MALL
935 MARINE DRIVE
North Vancouver, B.C.

6364 FRASER ST.,
VANCOUVER, B.C.
PH. (604) 324-2277

1710 DOUGLAS ST.
Victoria, B.C.
Phone: 386-6363

# ਸ. ਜਰਨੈਲ ਸਿੰਘ ਪੁਰੇਵਾਲ ਮੈਂਬਰ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਅੰਮ੍ਰਿਤਸਰ ਵਲੋਂ ਅਕਾਲੀ ਮੋਰਚੇ ਦੀ ਫਤਹਿ ਉਪਰ ਖੁਸ਼ੀ ਦਾ ਪ੍ਰਗਟਾਵਾ

ਸਰੀ — ਸ. ਜਰਨੈਲ ਸਿੰਘ ਪੁਰੇਵਾਲ ਜੀ ਨੇ ਅਕਾਲੀ ਦਲ ਦੇ ਮੈਂਬਰ ਹੋਣ ਦੇ ਨਾਤੇ ਕਿਹਾ ਕਿ ਜੋ ਵੀ ਸਾਡੇ ਪ੍ਰਧਾਨ ਸਾਹਿਬ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਸਭ ਵਿਚਾਰ ਕਰਕੇ ਸਾਰੇ ਪੰਜਾਬ ਦਾ ਦੌਰਾ ਕਰਕੇ ਸੋਚ ਵਿਚਾਰ ਉਪਰੰਤ ਕਰਕੇ ਭਾਰਤ ਸਰਕਾਰ ਨਾਲ ਅੱਜ ਦੇ ਹਾਲਾਤਾਂ ਨੂੰ ਸੁਧਾਰਨ ਲਈ ਸਮਝੌਤਾ ਕੀਤਾ ਹੈ ਉਸਦਾ ਅਸੀਂ ਸੁਆਗਤ ਕਰਦੇ ਹਾਂ। ਸ਼੍ਰੋਮਣੀ ਅਕਾਲੀ ਦਲ ਵਲੋਂ ਜੋ ਮੰਗਾਂ ਪੰਜਾਬ ਲਈ ਅਤੇ ਸਿਖਾਂ ਲਈ ਲੈ ਕੇ 4 ਅਗਸਤ 1982 ਤੋਂ ਮੋਰਚਾ ਸ਼ੁਰੂ ਕੀਤਾ ਸੀ ਉਹ ਸਾਰੀਆਂ ਮੰਗਾਂ ਸਰਕਾਰ ਨੇ ਮੰਨ ਕੇ ਇਕ ਫਿਰ ਸਾਬਤ ਕਰ ਦਿਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੀ ਸਿੱਖਾਂ ਦੀ ਠੀਕ ਪ੍ਰਤੀਨਿਧ ਕਰਦਾ ਜਥੇਬੰਦੀ ਹੈ। ਇਸ ਜਿਤ ਲਈ ਸਮੂਹ ਖਾਲਸਾ ਪੰਥ ਵਧਾਈ ਦਾ ਪਾਤਰ ਹੈ। ਕਿੰਨਾ ਚੰਗਾ ਹੁੰਦਾ ਜੇਕਰ ਇਹ ਹੀ ਸਮਝੌਤਾ ਭਾਰਤ ਸ਼ਰਕਾਰ ਮਈ 1984 ਤੋਂ ਪਹਿਲਾਂ ਮੰਨ ਲੈਂਦੀ। ਜੂਨ 1984 ਤੋਂ ਹੁਣ ਤੱਕ ਜੋ ਵੀ ਸਿਖਾਂ ਦੀ ਬੇਪਤੀ ਅਤੇ ਸਿਖ ਗੁਰਧਾਮਾਂ ਦੀ ਬੇਪਤੀ ਸਰਕਾਰ ਵਲੋਂ ਕੀਤੀ ਗਈ ਉਸ ਨੂੰ ਕਦੇ ਵੀ ਸਿਖ ਮੁਆਫ ਨਹੀਂ ਕਰਨਗੇ।

ਹੁਣ ਵਕਤ ਹੈ ਕਿ ਅਸੀਂ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਜਥੇਬੰਦੀ ਕਰਕੇ ਸਿਖ ਨਿਸ਼ਾਨਿਆਂ ਦੀ ਪੂਰਤੀ ਲਈ ਅਗਲਾ ਪ੍ਰੋਗਰਾਮ ਉਲੀਕ ਕੇ ਉਸ ਉਪਰ ਚੱਲੀਏ।

---

ਪੀ. ਐਮ. ਆਗੂ ਸ੍ਰੀ ਸੁਰਜੀਤ ਨੇ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਨਜਿੱਠੇ ਗਏ ਮਾਮਲਿਆਂ ਨੂੰ ਲਾਗੂ ਕਰਨ ਵਿਚ ਦੇਰੀ ਕਰਦੀ ਰਹੀ। ਜੇ ਇਹ ਦੇਰੀ ਨਾ ਹੁੰਦੀ ਤਾਂ ਬਦਕਿਸਮਤ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ।

# ਵੈਨਕੂਵਰ ਦੀਆਂ ਸਿੱਖ ਅਤੇ ਹੋਰ ਜਥੇਬੰਦੀਆਂ ਵਲੋਂ ਸਮਝੌਤੇ ਦਾ ਭਰਪੂਰ ਸੁਆਗਤ

ਵੈਨਕੂਵਰ — ਵੈਨਕੂਵਰ ਤੋਂ ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਪੰਜਾਬ ਵਿਚ ਸ਼ਾਂਤੀ ਲਈ ਚੁੱਕੇ ਗਏ ਕਦਮਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਭਾਰਤ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ ਹੈ ਕਿ ਉਨ੍ਹਾਂ ਨੇ ਸਮਝੌਤੇ ਦਾ ਰਾਹ ਅਪਣਾ ਕੇ ਪੰਜਾਬ ਵਿਚ ਫਿਰਕੂ ਏਕਤਾ ਕਾਇਮ ਰੱਖਣ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਮੁਹਿੰਦਰ ਸੂਮਲ ਨੇ ਕਿਹਾ ਹੈ ਕਿ "ਮੇਰੀ ਆਪਣੀ ਜ਼ਾਤੀ ਰਾਏ ਹੈ ਕਿ ਬੇਸ਼ੱਕ ਫੈਸਲਾ ਬਹੁਤ ਲਮਕਾ ਕੇ ਹੋਇਆ ਹੈ ਪਰ ਉਹ ਪੰਜਾਬ ਦੀ ਅਤੇ ਭਾਰਤ ਦੀ ਏਕਤਾ ਲਈ ਬਹੁਤ ਜ਼ਰੂਰੀ ਸੀ ਨਹੀਂ ਤਾਂ ਵੱਖਵਾਦੀ ਅਤੇ ਅਤਿਵਾਦੀ ਸ਼ਕਤੀਆਂ ਦੀ ਚੜ੍ਹ ਮੱਚਣੀ ਸੀ।

ਸਰੀ ਗੁਰੂ ਘਰ ਦੇ ਬੁਲਾਰੇ ਵਲੋਂ ਦੱਸਿਆ ਗਿਆ ਕਿ ਇਸ ਗੁਰੂ ਘਰ ਵਲੋਂ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਚਲਾਏ ਮੋਰਚੇ ਵਿਚ ਸ: ਤਾਲਿਬ ਸਿੰਘ ਸੰਧੂ ਜੀ ਦੀ ਜਥੇਦਾਰੀ ਹੇਠ ਪੰਜ ਸਿੰਘਾਂ ਦਾ ਜੱਥਾ ਕੈਨੇਡਾ ਤੋਂ ਸ਼ਾਮਲ ਹੋਇਆ ਸੀ। ਸ: ਤਾਲਿਬ ਸਿੰਘ ਸੰਧੂ ਜੀ ਅੱਜ ਤੱਕ ਜੇਲ੍ਹ ਭੁਗਤ ਰਹੇ ਹਨ। ਉਸ ਬੁਲਾਰੇ ਨੇ ਕਿਹਾ ਅਸੀਂ ਸਮੂਹ ਸੰਗਤਾਂ ਦੇ ਅਤੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਕਿ ਧਰਮ ਯੁੱਧ ਮੋਰਚੇ ਲਈ ਬੇਅੰਤ ਮਾਇਆ ਇਕੱਤਰ ਕਰਕੇ ਅੰਮ੍ਰਿਤਸਰ ਸਾਹਿਬ ਨੂੰ ਇਸ ਸੁਸਾਇਟੀ ਰਾਹੀਂ ਭੇਜੀ ਅਤੇ ਆਪਣਾ ਪੂਰਾ ਪੂਰਾ ਸਹਿਯੋਗ ਦਿਤਾ। ਸ਼੍ਰੋਮਣੀ ਅਕਾਲੀ ਦਲ ਆਪਣੀਆਂ ਪੁਰਾਤਨ ਪਰੰਪਰਾਵਾਂ ਅਨੁਸਾਰ ਇਸ ਮੋਰਚੇ ਵਿਚ ਪੂਰੀ ਤਰ੍ਹਾਂ ਸਫਲ ਹੋਇਆ ਹੈ ਅਤੇ ਸਾਰੀਆਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਵਾਈਆਂ ਹਨ।

ਗੁਰਦੁਆਰਾ ਸਾਹਿਬ ਅਕਾਲੀ ਸਿੰਘ ਸਿਖ ਸੁਸਾਇਟੀ ਵੈਨਕੂਵਰ ਦੇ ਬੁਲਾਰੇ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਕਿੰਨਾ ਚੰਗਾ ਹੁੰਦਾ ਇਹ ਸਮਝੌਤਾ ਦਰਬਾਰ ਸਾਹਿਕ ਉਪਰ ਫੌਜੀ ਹਮਲਾ ਕਰਨ ਤੋਂ ਪਹਿਲਾਂ ਹੀ ਭਾਰਤ ਸਰਕਾਰ ਕਰ ਦਿੰਦੀ। ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਸਾਰੀਆਂ ਮੰਗਾਂ ਮਨਵਾ ਕੇ ਅਤੇ ਪਏ ਭੁਲੇਖੇ ਦੂਰ ਕਰਕੇ ਸਾਰੇ ਭਾਰਤ ਵਾਸੀਆਂ ਅਤੇ ਖਾਸਕਰ ਸਿਖਾਂ ਨੂੰ ਆਪਣੇ ਭਰੋਸੇ ਵਿਚ ਲੈ ਲਿਆ ਹੈ ਅਸੀਂ ਇਸ ਮੌਕੇ ਉਪਰ ਸ਼੍ਰੋਮਣੀ ਅਕਾਲੀ ਦਲ ਨੂੰ ਵਧਾਈ ਦਿੰਦੇ ਹੋਏ ਸਮੂਹ ਪੰਥਕ ਵਰਕਰਾਂ ਅਤੇ ਲੀਡਰਾਂ ਨੂੰ ਬੇਨਤੀ ਕਰਾਂਗੇ ਕਿ ਉਹ ਹੁਣ ਏਕਤਾ ਦੇ ਇਕ ਝੰਡੇ ਹੇਠ ਆ ਕੇ ਕੌਮ ਦੀ ਸੇਵਾ ਅਤੇ ਅਗਵਾਈ ਕਰਨ। ਹੋਰ ਕੈਲਗਰੀ, ਵਿਲੀਅਮਜ਼ਲੇਕ, ਐਡਮਿੰਟਨ, ਕੈਮਲੂਪਸ, ਪ੍ਰਿੰਸ ਜੌਰਜ ਤੋਂ ਅਨੇਕਾਂ ਸੱਜਣਾਂ ਨੇ ਫੋਨ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਇਸ ਜਿੱਤ ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। (ਥਾਂ ਦੀ ਘਾਟ ਹੋਣ ਕਾਰਨ ਇਹ ਸੁਨੇਹੇ ਅਗਲੇ ਅੰਕਾਂ ਵਿਚ ਛਾਪੇ ਜਾਣਗੇ)

## ਐਸ. ਐਂਡ. ਐਸ. ਇਨਸ਼ੋਰੈਂਸ ਕੋਲ ਨਵੀਆਂ ਪਲੇਟਾਂ ਪਹੁੰਚ ਗਈਆਂ

ਵੈਨਕੂਵਰ — ਐਸ. ਐਂਡ. ਐਸ. ਇੰਨਸ਼ੋਰੈਂਸ ਦੇ ਮਾਲਕ ਸ: ਦਲਜੀਤ ਸਿੰਘ ਸਿੱਧੂ ਨੇ ਸੂਚਨਾ ਦਿਤੀ ਹੈ ਕਿ ਉਨ੍ਹਾਂ ਕੋਲ ਐਕਸੋ ਐਕਸਪੋ 86 ਵਾਲੀਆਂ ਨਵੀਆਂ ਪਲੇਟਾਂ ਪਹੁੰਚ ਗਈਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਾਰੇ ਪੁਰਾਣੇ ਅਤੇ ਨਵੇਂ ਕਸਟਮਰਜ ਨੂੰ ਬੇਨਤੀ ਹੈ ਕਿ ਉਹ ਦਫਤਰ ਪਹੁੰਚ ਕੇ ਇਹ ਨਵੀਆਂ ਪਲੇਟਾਂ ਲੈਣ।

# ਵਿਰੋਧੀ ਨੇਤਾਵਾਂ ਵਲੋਂ ਸਮਝੋਤੇ ਦਾ ਸੁਆਗਤ

ਨਵੀਂ ਦਿੱਲੀ — ਕਿਸਾਨ ਮਜ਼ਦੂਰ ਪਾਰਟੀ ਦੇ ਨੇਤਾ ਸ੍ਰੀ ਚਰਨ ਸਿੰਘ ਨੇ ਪੰਜਾਬ ਦੇ ਮਸਲੇ ਦੇ ਹੱਲ ਹੋਣ ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਸ੍ਰੀ ਅਟੱਲ ਬਿਹਾਰੀ ਬਾਜਪਾਈ ਨੇ ਕਿਹਾ ਇਹ ਮਸਲਾ ਤਿੰਨ ਸਾਲ ਪਹਿਲਾਂ ਨਜਿੱਠਿਆ ਜਾਣਾ ਚਾਹੀਦਾ ਸੀ। ਜਨਤਾ ਪਾਰਟੀ ਦੇ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਬੇਸ਼ੱਕ ਇਹ ਫੈਸਲਾ ਬਹੁਤ ਲੇਟ ਹੋਇਆ ਹੈ ਫਿਰ ਵੀ ਇਸ ਨੂੰ ਜੀ ਆਇਆਂ ਕਹਿਦਾ ਹਾਂ। ਸੀ. ਪੀ. ਐਮ. ਅਤੇ ਸੀ. ਪੀ. ਆਈ. ਦੇ ਨੇਤਾਵਾਂ ਨੇ ਵੀ ਇਸ ਸਮਝੌਤੇ ਦਾ ਪੂਰਨ ਸਮਰਥਨ ਕੀਤਾ ਹੈ। ਸੀ.


# ਪੰਜਾਬੀਆਂ ਦੀ ਸ਼ਾਨਦਾਰ ਜਿੱਤ ਦੀ ਵਧਾਈ ਹੋਵੇ

## North American Life

**Says more than "THANK YOU" for not smoking.**

## WE CAN SAVE YOU MORE

If you don't smoke North American Life has a plan just for you. Wheather it's term or permanent plan you're looking for, as a Non-Smoker you'll pay less.

(mil

For more information please call: Bus: 685-9335

NORTH AMERICAN LIFE
320-815-W Hastings St., Vancouver BC



Malkit (Mike) Mutti

ਸ਼੍ਰੋਮਣੀ ਅਕਾਲੀ ਦਲ

ਦੀਆਂ ਸਭ ਮੰਗਾਂ

ਪੂਰੀਆਂ ਹੋਣ ਦੀ

ਹਾਰਦਿਕ ਵਧਾਈ

ਹੋਵੇ

ਗੁਰੂ ਨਾਨਕ ਸਿੱਖ ਟੈਂਪਲ,

ਡੈਲਟਾ-ਸਰੀ, ਬੀ. ਸੀ.

# GURU BAZAAR

**6529 Main St. (49th Ave.)**
**Vancouver, B.C.**
**Ph. 327-4422**

ਵਲੋਂ

# ਸਭ ਪੰਜਾਬੀਆਂ ਨੂੰ

# ਸ਼ੁਭ ਇਛਾਵਾਂ

# ROKKO SAREES & FABRICS

**6201 FraserSt. (46th Ave.)**
**Vancouver, B.C.**
**Ph. 327-3033**

# ਸਿੱਖ ਪੰਥ

# ਦੀ

# ਚੜ੍ਹਦੀ ਕਲਾ

# ਉਤੇ ਸਾਰਿਆਂ ਨੂੰ

# ਲੱਖ ਲੱਖ ਵਧਾਈ ਹੋਵੇ

# ਸ਼੍ਰੋਮਣੀ ਸਿੱਖ ਸੇਵਕ ਦਲ,

# ਵੈਨਕੂਵਰ, ਬੀ. ਸੀ.

# ਸਮੂੰਹ ਪੰਜਾਬੀਆਂ ਦੀਆਂ

# ਮੰਗਾਂ ਮੰਨੇ ਜਾਣ ਦੀ

# ਲੱਖ ਲੱਖ

# ਮੁਬਾਰਕ!

## ਇਹ ਜਿੱਤ ਪੰਜਾਬੀਆਂ ਦੀ ਏਕਤਾ ਦੀ ਜਿੱਤ ਹੈ

## ਭੰਡਾਲ ਡਰਾਈਵਾਲ ਲਿ:
## ਵੈਨਕੂਵਰ, ਬੀ. ਸੀ.

ਫ਼ੋਨ : 430-5011

# UNITED

# INDIA IS

# OUR

# STRENGTH

THE CANADA DARPAN [WEEKLY]

# SPECIAL SUPPLEMENT

# PUNJAB TANGLE SOLVED

# LONGOWAL AND RAJIV SIGN AGREEMENT



Sant Longowal

NEW DELHI — The following is text of settlement reached on July 24, 1985 between the Prime Minister of India, Mr. Rajiv Gandhi and Sant Harchand Singh Longowal, the President of Shiromani Akali Dal :

## 1. Compensation to Innocent Persons Killed

1 . 1 Along with ex-gratia payment to those innocent killed in agitation or any action after 1.8.82, compensation for property damaged will also be paid.

## 2. Army Recruitment

2 . 1 All citizens of the country have the right to enroll in the army and merit will remain the criterion for selection.

## 3. Enquiry into November incidents

3 . 1. The jurisdiction of Shri Justice Ranganath Mishra Commission enquiring into the November riots of Delhi would be extended to cover the disturbances Atbokaro and Kanpur also.

## 4. Rehabilitation of those discharged from the Army

4 . 1 For all those discharged, efforts will be made to rehabilitate and provide gainful employment.

## 5. All India Gurudwara Act

5 . 1 The Government of India agrees to consider the formulation of an all India Gurudwara bill. Legislation will be brought forward for this urpose in consulation with Shirmoni Akali Dal, others concerned and after fulfilling all relevant constitutional requirements.



RajiV

## 6. Disposal of Pending Cases

6 . 1 The notifications applying the Armed Forces special powers act to Punjab will be withdrawn.

Existing special courts will try only cases relating to the following type of offences:

(A) Waging War

(B) Hijacking

6 . 2 All other cases will be transferred to ordinary courts and enabling legislation if needed will be brought forward in this session

[Contd. at page 10]

[Contd. from page 9]

of Parliament.

## 7. Territorial Claims

7 . 1 The Capital project area of Chandigarh will go to Punjab. Some Adjoining areas which were previously part of Hindi or the Punjabi regions were included in the Union Territory. With the Capital region going to Punjab the areas which were added to the Union Territory from the Punjabi region of the Erstwhile State of Punjab will be transferred to Punjab and those from Hindi region to Haryana. The entire Sukhna Lake will be kept as part of the Chandigarh and will thus go to Punjab.

7 . 2 It has-had always been maintained by Smt. Indira Gandhi that when Chandigarh is to go to Punjab some Hindi-speaking Territories in Punjab will go to Haryana. A commission will be constituted to determine the specific Hindi-speaking areas of Punjab which should go to Haryana, in Lieu of Chandigarh.

The Principle of contiguity and linguistic affinity with a village as a unit will be the basis of such determination. The commission will be required to give its findings by 31st December, 1985 and these will be binding on both sides. The Work of the commission will be limited to this aspect and will be distinct from the general boundary claims which the other commission referred to in Para 7.4 will handle.

7 . 3 The actual transfer of Chandigarh to Punjab and areas in Lieu there of to Haryana willtake place simulataneously on 26th January, 1986.

7 . 4 There are other claims and counter-claims for readjustment of the existing Punjab-Haryana boundaries. The Government will appoint another commission to consider these matters and rive and give its findings. Such findings will be binding on the concerned States. The terms of reference will be based on a village as a unit, linguistic affinity and contiguity,

## 8. Centre. - State Relations

8 . 1 Shiromani Akali Dal States that the Anandpur Sahib resolution is entirely within the framework of the Indian constitution:

That it attempts to de ine the concept of Centre-State relations in a manner which may bring out the true Federal characteristies of our unitary Constitution : And that the purpose of the Resolution is to provide greater autonmy to the State with a view to strengthening the unity and integrity of the Country, since unity in diversity forms the corner-stone of our national entity.

8 . 2 In view of the above, the Anandpur Sahib Resolution in so far as it deals with Centre-State relations, stands referred to the Sarkaria Commission.

## 9. Sharing of River Waters

9 . 1 The Farmers of Punjab, Haryana and Rajasthan will continue to get water not less than what they are using from the Ravi-Beas system as on 1.7.1985. Waters used for consumptive purposes will also remain unaffected. Quantum of usage claimed shall be verified by the tribunal referred to in Para 9.2 below.

9 . 2 The claims of Punjab and Haryana regarding the shares in their remaining waters will be referred for adjudication to a tribunal to be presided over by a supreme court judge. The Decision of this tribunal will be rendered within six months and would be binding on both parties. All legal and constitutional steps required in this respect be taken expeditiously.

9 . 3 The construction of the Syl Canal shall continue. The Canal shall be completed by 15th August, 1986

## 10. Representation of Minorities

10 . 1 Existing instructions regarding protection of interests of minorities will be recirculated to the State Chief Ministers. (PM will write to all Chief Ministers).

## 11. Promotion of Punjabi Language

11 . 1 The Central Government may take some steps for the promotion of the Punjabi Language.

This settlement brings to an end a period of confrontationand ushers in an era of Amity, Goodwill and cooperation, which will promote and Strengthen the Unity and integrity of India.

**Rajiv Gandhi**
**Prime Minister of India**

**Sant Harchand Singh Longowal**
**President, Shiromani Akali Dal**

Dated : The 24th July, 1985

## Sikh peace pact signed

NEW DELHI (AP) — Prime Minister Rajiv Gandhi and a top Sikh political leader announced today they have signed an agreement to end the bloody three-year-long crisis in India's Punjab state.



GANDHI

But it was uncertain whether the agreement would be acceptable to Sikh militants fighting for an independent Punjab homeland for the religious minority, and who were excluded from the talks.

The Sikh political leader, Harchand Singh Longowal, told reporters the agreement marks the end of the "confrontation" between the government and Sikhs.

The government will repeal the Armed Forces Special Powers Act which gives military authorities in Punjab extraordinary powers to search and arrest without warrant, Gandhi told the lower house of Parliament in New Delhi.

Gandhi, however, refused to grant a general amnesty to Sikh soldiers who mutinied against the June 4-7, 1984, army assault on the Golden Temple, the holiest Sikh shrine, in Amritsar.

The Sun

WED., JULY 24, 1985

## A New Era



"This is the best news that we could get from India. Of course, we are delighted with the agreement reached between the Centre Government and Akali Dal. I hope that this agreement would usher in Punjab and indeed in the whole country a new era of peace and prosperity"

S. J. S. Chhatwal
High Commissioner of India
Ottawa

## Let Us Sink Our Differences





"This is the news for which I have been waiting since I resumed charge here.

No doubt, I am delighted that finally an agreement has been reached. We should now look ahead and leave all differences behind. This is the appeal I would like to make to Indo-Canadian Community in Western Canada."

J.C. Sharma
Consul General
Vancouver

**SPECIAL INDEPENDENCE ISSUE ON AUG. 15, 1985**

# CONGRATULATIONS

# ON

# VICTORY

# OF

# PUNJABIS

—

# INDO-CANADIAN

# FRIENDSHIP SOCIETY

# VANCOUVER, B.C.

# PARLAD GILL

# CONGRATULATES

# ALL PUNJABIS

# ON

# THEIR UNITY

# AND

# STRENGTH

# JIM PATTISON

Jim Pattison Pontiac Buick GMC Trucks

**PONTIAC - BUICK - CADILLAC and GMC**

**3434 MAIN ST. VANCOUVER, B.C.**

**Tel. 879-4233**

GM

# STATE BANK OF INDIA (CANADA)

# ਸਟੇਟ ਬੈਂਕ ਆਫ ਇੰਡੀਆ (ਕੈਨੇਡਾ)

Wholly owned subsidiary of

**STATE BANK OF INDIA**

India's Largest Commercial Bank

- **We offer attractive interest rates on Term Deposits.**
- **Special Rates for Deposits of $50,000 and over.**
- **Remittances to every part of India at attractive Indian Rupee exchange rates.**
- **Corporate and international banking services including commercial loans, letters of credit, etc.**
- **State Bank Rupee Travellers Cheques.**

- **ਭਾਰਤ ਵਿਚ ਪੈਸੇ ਭੇਜਣ ਵਾਸਤੇ ਸਾਡੇ ਰੇਟ ਵਾਜਬ ਹਨ**

**Two locations to serve you**

**VANCOUVER**
**540 Burrard St.**
**Vancouver, B.C. V6C 2K1**
**Phone — (604)681-3428**

**TORONTO**
**Royal Bank Plaza**
**North Tower, Suite 401**
**Toronto, Ontario M5J 2J2**
**Phone - (416)865-0414**

# CONGRATULATIONS

# TO

# ALL PUNJABIS

# FOR

# SOLVING

# PUNJAB TANGLE

# GOLDWOOD INDUSTRIES LTD.

**12691, MITCHELL RD.**

**RICHMOND, B.C.**

# PAUL

# CONGRATULATES

# TO

# ALL PUNJABIS

# ON

# THEIR UNITY

## PAUL'S PLUMBING & ELECTRICAL SUPPLY

**4774 MAIN ST. (AT 32nd)**
**VANCOUVER, B.C.**

**Ph. 872-3118 [Supply]**
**872-7227 [Service]**

# SUDESH KALIA

# CONGRATULATES

# ALL ON THIS HISTORIC DAY



SUDESH KALIA

TOGETHER WE ARE STRONGER

NORTH AMERICAN LIFE

## NON-SMOKERS & SMOKERS

**Permanent & Terms Plan**

# North American Life

## 320-815 WEST HASTINGS ST. VAN.

## Ph. 685-9335